**INPUTS RECOMMENDATION**

1. ਬੀਜ ਦੀ ਮਾਤਰਾ: ਵੱਖੋ-ਵੱਖਰੀਆਂ ਕਿਸਮਾਂ ਲਈ ਹੇਠ ਲਿਖੇ ਅਨੁਸਾਰ ਬੀਜ ਵਰਤੋ:

| | ਕਿਸਮਾਂ | ਬੀਜ ਦੀ ਮਾਤਰਾ (ਕਿਲੋ ਪ੍ਰਤੀ ਏਕੜ) |
|---|---|---|
| ਬੀ.ਟੀ. ਨਰਮੇ ਦੀਆਂ ਕਿਸਮਾਂ | ਪੀ.ਏ.ਯੂ. ਬੀ.ਟੀ. 2 ਅਤੇ ਪੀ.ਏ.ਯੂ. ਬੀ.ਟੀ. 3 | 4.0 (ਬੀ.ਟੀ.) + 1.0 (ਬੀ.ਟੀ. ਰਹਿਤ) |
| ਬੀ.ਟੀ. ਨਰਮੇ ਦੀਆਂ ਦੋਗਲੀਆਂ ਕਿਸਮਾਂ | ਸਿਫਾਰਸ਼ ਕੀਤੀਆਂ ਹੋਈਆਂ ਦੋਗਲੀਆਂ ਕਿਸਮਾਂ | 0.900 (ਬੀ.ਟੀ.) +0.240 (ਬੀ.ਟੀ. ਰਹਿਤ) ਜਾਂ 475 ਗ੍ਰਾਮ ਦੇ ਦੋ ਪੈਕੇਟ* |
| ਬੀ.ਟੀ. ਰਹਿਤ ਕਿਸਮਾਂ | ਐੱਫ 2228 ਅਤੇ ਐੱਲ ਐੱਚ 2108 | 3.5 |
| | | |

* ਜਦੋਂ ਬੀ.ਟੀ. ਰਹਿਤ ਨਰਮੇ ਦਾ ਬੀਜ ਬੀ.ਟੀ. ਨਰਮੇ ਦੇ ਬੀਜ ਦੇ ਪੈਕੇਟ ਵਿੱਚ ਰਲਾ ਕੇ ਮਿਲਦਾ ਹੋਵੇ।

2. ਖਾਦਾਂ- ਦਰਮਿਆਨੀਆਂ ਉਪਜਾਊ ਜਮੀਨਾਂ ਲਈ ਖਾਦਾਂ ਦੀ ਮਾਤਰਾ ਹੇਠ ਲਿਖੇ ਅਨੁਸਾਰ ਵਰਤੋਂ। ਕਪਾਹ ਦੀ ਫਸਲ ਨਾਈਟਰੋਜਨ ਵਾਲੀਆਂ ਖਾਦਾਂ ਨੂੰ ਬਹੁਤ ਮੰਨਦੀ ਹੈ।

| ਕਿਸਮਾਂ | * ਤੱਤ (ਕਿਲੋ ਪ੍ਰਤੀ ਏਕੜ) | | ਖਾਦਾਂ (ਕਿਲੋ ਪ੍ਰਤੀ ਏਕੜ) | | |
|---|---|---|---|---|---|
| | ਨਾਈਟਰਜੋਨ | ਫਾਸਫੋਰਸ | ਯੂਰੀਆ | ਡੀ.ਏ.ਪੀ. | ਸਿੰਗਲ ਸੁਪਰਫਾਸਫੇਟ |
| ਬੀ.ਟੀ. ਰਹਿਤ ਨਰਮਾ | 30 | 12 | 65 | 27 | 75 |
| ਬੀ.ਟੀ. ਨਰਮੇ ਦੀਆਂ ਕਿਸਮਾਂ(ਪੀ.ਏ.ਯੂ. ਬੀ.ਟੀ. 2 ਅਤੇ 3) | 37 | 12 | 80 | 27 | 75 |
| ਦੋਗਲੀਆਂ ਕਿਸਮਾਂ | 42 | 12 | 90 | 27 | 75 |

*ਇਹ ਤੱਤ ਮੰਡੀ ਵਿੱਚ ਮਿਲਦੀਆਂ ਹੋਰ ਖਾਦਾਂ ਤੋਂ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ।

- ਕਣਕ, ਜਿਸਨੂੰ ਸਿਫਾਰਸ਼ ਕੀਤੀ ਗਈ ਫਾਸਫੋਰਸ ਦੀ ਮਾਤਰਾ ਪਾਈ ਹੋਵੇ, ਤੋਂ ਬਾਅਦ ਕਪਾਹ ਦੀ ਫਸਲ ਨੂੰ ਫਾਸਫੋਰਸ ਨਾ ਪਾਓ। ਜਿੱਥੇ 27 ਕਿਲੋ ਡੀ.ਏ.ਪੀ. ਪਾਇਆ ਹੋਵੇ ਉੱਥੇ ਯੂਰੀਏ ਦੀ ਮਾਤਰਾ 10 ਕਿਲੋ ਘਟਾ ਦਿਓ।
- ਰੇਤਲੀਆਂ ਜਮੀਨਾਂ ਵਿਚ ਕਾਪਹ ਦੀ ਫਸਲ ਨੂੰ ਬਿਜਾਈ ਸਮੇਂ 20 ਕਿਲੋ ਮਿਊਰੇਟ ਆਫ ਪੋਟਾਸ਼ ਅਤੇ 10 ਕਿਲੋ ਜਿੰਕ ਸਲਫੇਟ ਹੈਪਟਾਹਾਈਡਰੇਟ ਜਾਂ 6.5 ਕਿਲੋਂ ਜਿੰਕ ਸਲਫੇਟ ਮੋਨੋਹਾਈਡਰੇਟ ਪ੍ਰਤੀ ਏਕੜ ਪਾਓ।

- ਸਾਰੀ ਫਾਸਫੋਰਸ ਅਤੇ 25 ਕਿਲੋਂ ਮੈਗਨੀਸ਼ੀਅਮ ਸਲਫੇਟ ਪ੍ਰਤੀ ਏਕੜ ਬਿਜਾਈ ਸਮੇਂ ਪਾ ਦਿਓ। ਅੱਧੀ ਨਾਈਟਰਜੋਨ ਬੂਟੇ ਵਿਰਲੇ ਕਰਨ ਸਮੇਂ ਅਤੇ ਬਾਕੀ ਅੱਧੀ ਫੁੱਲ ਨਿਕਲਣ ਸਮੇਂ ਪਾਓ। ਜੇਕਰ ਜਮੀਨ ਦੀ ਮੁਢਲੀ ਉਪਜਾਊ ਸ਼ਕਤੀ ਘੱਟ ਹੋਵੇ ਤਾਂ ਨਾਈਟਰੋਜਨ ਖਾਦ ਦੀ ਪਹਿਲੀ ਕਿਸ਼ਤ ਬਿਜਾਈ ਸਮੇ ਹੀ ਪਾ ਦਿਓ। ਬੋਰੋਨ ਦੀ ਘਾਟ (0.5 ਕਿਲੋ ਬੋਰੋਨ ਪ੍ਰਤੀ ਏਕੜ ਤੋਂ ਘੱਟ) ਵਾਲੀਆਂ ਜਮੀਨਾਂ ਜਿਨ੍ਹਾਂ ਵਿੱਚ 2% ਜਾਂ ਵੱਧ ਕੈਲਸ਼ੀਅਮ ਕਾਰਬੋਨੇਟ ਹੋਵੇ, ਵਿੱਚ 400 ਗ੍ਰਾਮ ਬੋਰੋਨ (4 ਕਿਲੋ ਬੋਰੈਕਸ) ਪ੍ਰਤੀ ਏਕੜ ਬਿਜਾਈ ਵੇਲੇ ਪਾਉ। ਬੋਰੋਨ ਦੀ ਸਿਫਾਰਿਸ਼ ਨਾਲੋਂ ਵਧੇਰੇ ਵਰਤੋਂ ਨਾ ਕਰੋ ਕਿਉਂਕਿ ਇਹ ਫਸਲ ਲਈ ਨੁਕਸਾਨਦੇਹ ਹੋ ਸਕਦੀ ਹੈ।
- ਨਰਮੇ ਦੀ ਫਸਲ ਤੋਂ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਫੁੱਲਾਂ ਦੇ ਸ਼ੁਰੂ ਹੋਣ ਤੋਂ ਲੈ ਕੇ ਇੱਕ ਹਫਤੇ ਦੇ ਵਕਫੇ ਤੇ 4 ਵਾਰ ਛਿੜਕਾਅ ਕਰੋ।
- ਬੀ.ਟੀ. ਨਰਮੇ ਵਿੱਚ ਪੱਤਿਆਂ ਦੀ ਲਾਲੀ ਦੀ ਰੋਕਥਾਮ ਲਈ 1 ਪ੍ਰਤੀਸ਼ਤ ਮੈਗਨੀਸ਼ੀਅਮ ਸਲਫੇਟ ਪ੍ਰਤੀ ਏਕੜ (ਇੱਕ ਕਿਲੋ ਮੈਗਨੀਸ਼ੀਅਮ ਸਲਫੇਟ ਨੂੰ 100 ਲੀਟਰ ਪਾਣੀ ਵੱਚ ਘੋਲਣ ਉਪਰੰਤ) ਦੇ ਦੋ ਸਪਰੇਅ 15 ਦਿਨਾਂ ਦੇ ਵਕਫੇ ਤੇ ਫੁੱਲਡੋਡੀ ਪੈਣ ਅਤੇ ਟੀਂਡੇ ਬਣਨ ਵੇਲੇ ਕੀਤੀ ਜਾ ਸਕਦੀ ਹੈ। ਇਸ ਨਾਲ ਝਾੜ ਵੀ ਵੱਧਦਾ ਹੈ।